ਇਹ ਜਾਣਕਾਰੀ ਅਪੀਲ ਦੀ ਕਾਰਵਾਈ ਵਿਚ ਤੁਹਾਡੀ ਮਦਦ ਕਰ ਸਕਦੀ ਹੈ। ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨਾਲ ਅਪੀਲ ਸ਼ੁਰੂ ਕਰੋ। ਜ਼ਿਆਦਾ ਵੇਰਵੇ ਸਾਡੇ ਵੈੱਬਸਾਈਟ ਉੱਪਰ ਦੇਖੋ: wcat.bc.ca ਜੇ ਤੁਹਾਡੇ ਕੋਲ ਇੰਟਰਨੈੱਟ ਨਹੀਂ ਹੈ ਤਾਂ ਤੁਸੀਂ ਹੋਰ ਜਾਣਕਾਰੀ ਲੈਣ ਲਈ 604-664-7800 ਜਾਂ 1-800-663-2782 (ਬੀ.ਸੀ. ਵਿਚ ਮੁਫਤ) ਨੂੰ ਫੋਨ ਕਰ ਸਕਦੇ ਹੋ।

## ਅਪੀਲ ਸ਼ੁਰੂ ਕਰੋ

ਵਰਕਰਾਂ ਜਾਂ ਇਮਪਲੌਏਅਰਜ਼ (ਕੰਮ-ਮਾਲਕਾਂ) ਨੂੰ ਅਪੀਲ ਸ਼ੁਰੂ ਕਰਨ ਲਈ ਲਿਖਤੀ ਨੋਟਿਸ ਦੇਣ ਦੀ ਲੋੜ ਹੈ।

ਕਦਮ 1. ਇਹ ਪੱਕਾ ਕਰੋ ਕਿ ਤੁਹਾਡੇ ਫੈਸਲੇ ਵਿਰੁੱਧ ਅਪੀਲ ਕੀਤੀ ਜਾ ਸਕਦੀ ਹੈ।

WCAT.BC.CA > APPEAL A DECISION > START AN APPEAL > TYPES OF APPEALS

ਕਦਮ 2. ਇਹ ਨੋਟਿਸ ਦਿਉ ਕਿ ਤੁਸੀਂ ਅਪੀਲ ਸ਼ੁਰੂ ਕਰਨਾ ਚਾਹੁੰਦੇ ਹੋ।

ਸ਼ੁਰੂ ਕਰਨ ਲਈ ਇਨ੍ਹਾਂ ਵਿੱਚੋਂ ਇਕ ਚੋਣ ਦੀ ਵਰਤੋਂ ਕਰੋ:

ਫਾਰਮ ਭਰੋ। ਅਪੀਲ ਸ਼ੁਰੂ ਕਰਨ ਦਾ ਇਹ ਸਭ ਤੋਂ ਸੌਖਾ ਤਰੀਕਾ ਹੈ। ਸਾਡੇ ਵੈੱਬਸਾਈਟ ਉੱਪਰ ਉਹ ਬਟਨ ਲੱਭੋ ਜਿਹੜਾ ਤੁਹਾਡੀ ਅਪੀਲ ਦੀ ਕਿਸਮ ਨਾਲ ਮੇਲ ਖਾਂਦਾ ਹੈ:

WCAT.BC.CA > APPEAL A DECISION > START AN APPEAL

ਫਾਰਮ:
ਨੋਟਿਸ ਔਫ ਅਪੀਲ – ਕੰਪਨਸੇਸ਼ਨ

ਡਬਲਯੂ ਸੀ ਏ ਟੀ ਨੂੰ ਫੋਨ ਕਰੋ। ਅਪੀਲ ਸ਼ੁਰੂ ਕਰਨ ਦੇ ਸਮੇਂ ਤੱਕ ਜਾਂ ਡੈੱਡਲਾਈਨ ਤੱਕ ਤੁਸੀਂ ਡਬਲਯੂ ਸੀ ਏ ਟੀ ਨੂੰ ਅਪੀਲ ਕਰਨ ਦਾ ਆਪਣਾ ਇਰਾਦਾ ਦੱਸਣ ਲਈ ਫੋਨ ਕਰ ਸਕਦੇ ਹੋ। ਤੁਹਾਨੂੰ ਫਿਰ ਨੋਟਿਸ ਔਫ ਅਪੀਲ ਫਾਰਮ ਦਰਜ ਕਰਵਾਉਣ ਲਈ ਸਮਾਂ ਦਿੱਤਾ ਜਾਵੇਗਾ (ਆਮ ਤੌਰ 'ਤੇ 21 ਦਿਨ)।

ਫਾਰਮ:
ਨੋਟਿਸ ਔਫ ਅਪੀਲ – ਅਸੈੱਸਮੈਂਟ ਜਾਂ ਆਕੂਪੇਸ਼ਨਲ ਹੈਲਥ ਐਂਡ ਸੇਫਟੀ

ਡੈੱਡਲਾਈਨ: ਰਿਵੀਊ ਡਿਵੀਜ਼ਨ ਦੇ ਫੈਸਲੇ ਦੀ ਤਾਰੀਕ ਤੋਂ ਬਾਅਦ ਦੇ 30 ਦਿਨਾਂ ਦੇ ਵਿਚ ਵਿਚ ਆਪਣੀ ਅਪੀਲ ਸ਼ੁਰੂ ਕਰੋ। ਅਪੀਲ ਸ਼ੁਰੂ ਕਰਨ ਲਈ ਪਹਿਲਾਂ ਜਾਣਕਾਰੀ ਜਾਂ ਸਬੂਤ ਇਕੱਠੇ ਕਰਨ ਤੱਕ ਉਡੀਕ ਨਾ ਕਰੋ। ਇਹ ਤੁਸੀਂ ਬਾਅਦ ਵਿਚ ਕਰ ਸਕਦੇ ਹੋ।

ਹੋਰ ਸਮਾਂ ਮੰਗੋ। ਜੇ ਕੋਈ ਖਾਸ ਹਾਲਾਤ ਸਨ ਜਿਨ੍ਹਾਂ ਕਰਕੇ ਤੁਸੀਂ ਅਪੀਲ ਸ਼ੁਰੂ ਕਰਨ ਦੀ ਡੈੱਡਲਾਈਨ ਤੋਂ ਖੁੰਝ ਗਏ ਹੋ ਤਾਂ ਤੁਸੀਂ ਅਜੇ ਵੀ ਹੋਰ ਸਮਾਂ ਮੰਗ ਸਕਦੇ ਹੋ। ਸਮੇਂ ਵਿਚ ਵਾਧੇ ਲਈ ਕਹਿਣ ਲਈ ਤੁਹਾਨੂੰ ਇਕ ਫਾਰਮ ਦਰਜ ਕਰਵਾਉਣ ਦੀ ਲੋੜ ਪਵੇਗੀ – ਇਹ ਸਾਡੇ ਵੈੱਬਸਾਈਟ ਉੱਪਰ ਦੇਖੋ:

WCAT.BC.CA > APPEAL A DECISION > START AN APPEAL > ASK FOR MORE TIME

## ਅਗਾਂਹ ਕੀ ਹੁੰਦਾ ਹੈ?

ਡਬਲਯੂ ਸੀ ਏ ਟੀ ਤੁਹਾਨੂੰ ਇਕ ਚਿੱਠੀ ਭੇਜੇਗਾ ਜਿਸ ਉੱਪਰ ਅਪੀਲ ਨੰਬਰ ਦੇ ਨਾਲ ਨਾਲ ਇਹ ਹਿਦਾਇਤਾਂ ਹੋਣਗੀਆਂ ਕਿ ਅੱਗੇ ਕੀ ਕਰਨਾ ਹੈ।

ਅਪੀਲ ਦੇ ਸ਼ੁਰੂ ਹੋ ਜਾਣ 'ਤੇ, ਡਬਲਯੂ ਸੀ ਏ ਟੀ ਉਸ ਹਰ ਇਕ ਨੂੰ ਹਿੱਸਾ ਲੈਣ ਲਈ ਸੱਦਾ ਦਿੰਦਾ ਹੈ ਜਿਸ 'ਤੇ ਅਪੀਲ ਦਾ ਸਿੱਧਾ ਅਸਰ ਪੈ ਸਕਦਾ ਹੈ, ਅਤੇ ਉਨ੍ਹਾਂ ਨੂੰ ਦੱਸਦਾ ਹੈ ਕਿ ਉਨ੍ਹਾਂ ਨੇ ਅੱਗੇ ਕੀ ਕਰਨਾ ਹੈ।

ਇਸ ਪੜਾ ਦੌਰਾਨ, ਸਾਰੀਆਂ ਧਿਰਾਂ ਵਰਕਸੇਫ ਬੀ ਸੀ ਦੀ ਫਾਇਲ 'ਤੇ ਵਿਚਾਰ ਕਰ ਸਕਦੀਆਂ ਹਨ, ਅਪੀਲ ਦੇ ਆਪਣੇ ਪੱਖ ਦੀ ਹਿਮਾਇਤ ਲਈ ਕੁਝ ਖੋਜ ਕਰ ਸਕਦੀਆਂ ਹਨ ਜਾਂ ਸਬੂਤ ਇਕੱਠੇ ਕਰ ਸਕਦੀਆਂ ਹਨ। ਇਸ ਪੜਾ 'ਤੇ, ਹੋ ਸਕਦਾ ਸਾਰੀਆਂ ਧਿਰਾਂ ਦੀ ਵਰਕਸੇਫ ਬੀ ਸੀ ਦੀ ਫਾਇਲ ਤੱਕ ਪਹੁੰਚ ਨਾ ਹੋਵੇ।

ਇਸ ਚੀਜ਼ ਬਾਰੇ ਹੋਰ ਸੁਝਾਅ ਲੱਭਣ ਲਈ ਕਿ ਆਪਣਾ ਕੇਸ ਕਿਵੇਂ ਤਿਆਰ ਕਰਨਾ ਹੈ ਅਤੇ ਕਾਰਵਾਈ ਨੂੰ ਕਿਵੇਂ ਤੇਜ਼ ਕਰਨਾ ਹੈ, ਸਾਡੇ ਵੈੱਬਸਾਈਟ 'ਤੇ ਜਾਉ: WCAT.BC.CA > APPEAL A DECISION > PREPARE YOUR CASE

## ਇਮਪਲੌਏਅਰਜ਼ ਲਈ ਜ਼ਿਆਦਾ ਜਾਣਕਾਰੀ

ਸਟੇਅ ਮੰਗੋ। ਵਰਕਸੇਫ ਬੀ ਸੀ ਦੇ ਕਿਸੇ ਫੈਸਲੇ ਨੂੰ ਲਾਗੂ ਕਰਨ ਵਿਚ ਦੇਰੀ ਲਈ ਆਗਿਆ ਲਉ:
WCAT.BC.CA > APPEAL A DECISION > START AN APPEAL > DELAY IMPLEMENTING A WORKSAFEBC DECISION

ਮੁਲਾਜ਼ਮਾਂ ਲਈ ਨੋਟਿਸ ਪੋਸਟ ਕਰੋ। ਸਟਾਫ ਨੂੰ ਇਹ ਦੱਸੋ ਕਿ ਕੰਪਨੀ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਦੀ ਅਪੀਲ ਵਿਚ ਇਕ ਧਿਰ ਹੈ:
WCAT.BC.CA > FORMS > NOTICE TO EMPLOYEES

## ਮਦਦ ਲਉ

ਕਿਸੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) ਦੀ ਮਦਦ ਲਉ। ਆਪਣੀ ਅਪੀਲ ਦਾ ਪੱਖ ਦੱਸਣ ਵਿਚ ਮਦਦ ਲਈ ਤੁਸੀਂ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ। ਉਹ ਕੋਈ ਵਕੀਲ, ਕੰਪਨਸੇਸ਼ਨ ਕਨਸਲਟੈਂਟ, ਯੂਨੀਅਨ ਜਾਂ ਇਮਪਲੌਏਅਰਜ਼ ਐਸੋਸੀਏਸ਼ਨ ਤੋਂ ਕੋਈ ਵਿਅਕਤੀ, ਪਰਿਵਾਰ ਦਾ ਮੈਂਬਰ ਜਾਂ ਦੋਸਤ ਹੋ ਸਕਦਾ ਹੈ।

ਕਿਸੇ ਐਡਵਾਈਜ਼ਰ ਨਾਲ ਗੱਲ ਕਰੋ। ਤੁਸੀਂ ਵਰਕਰਾਂ ਜਾਂ ਇਮਪਲੌਏਅਰਾਂ ਦੇ ਐਡਵਾਈਜ਼ਰ ਤੋਂ ਇੱਥੇ ਮੁਫਤ ਮਦਦ ਲੈ ਸਕਦੇ ਹੋ:

ਵਰਕਰਜ਼ ਐਡਵਾਈਜ਼ਰਜ਼ ਆਫਿਸ
www.labour.gov.bc.ca/wao
1 800 663-4261 (ਬੀ.ਸੀ. ਵਿਚ ਮੁਫਤ)

ਇਮਪਲੌਏਅਰਜ਼ ਐਡਵਾਈਜ਼ਰਜ਼ ਆਫਿਸ
www.labour.gov.bc.ca/eao
1 800 925-2233 (ਬੀ.ਸੀ. ਵਿਚ ਮੁਫਤ)

ਡਬਲਯੂ ਸੀ ਏ ਟੀ ਨਾਲ ਸੰਪਰਕ ਕਰੋ। ਤੁਹਾਡੀ ਅਪੀਲ ਨੂੰ ਸਹੀ ਥਾਂ 'ਤੇ ਰੱਖਣ ਵਿਚ ਮਦਦ ਲਈ ਡਬਲਯੂ ਸੀ ਏ ਟੀ ਦਾ ਸਟਾਫ ਮਦਦ ਕਰ ਸਕਦਾ ਹੈ। ਉਹ ਨਿਰਪੱਖ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕੋਈ ਕਾਨੂੰਨੀ ਸਲਾਹ ਨਹੀਂ ਦੇਣਗੇ ਜਾਂ ਤੁਹਾਡੇ ਨੁਮਾਇੰਦੇ ਵਜੋਂ ਕੰਮ ਨਹੀਂ ਕਰਨਗੇ।